# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਨੋਟਿਸ

ਹਵਾਲਾ ਇਸ਼ਤਿਹਾਰ ਨੰ. 1/2022 ਰਾਹੀਂ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀਆਂ ਅਸਾਮੀਆਂ ਨੂੰ ਪੁਰ ਕਰਨ ਵਾਸਤੇ ਦਿੱਤੇ ਗਏ ਇਸ਼ਤਿਹਾਰ ਦੇ ਸਬੰਧ ਵਿੱਚ ਜਿਨ੍ਹਾਂ ਉਮੀਦਵਾਰਾਂ ਨੇ ਇਸ ਅਸਾਮੀ ਲਈ ਯੂਨੀਵਰਸਿਟੀ ਵੱਲੋਂ ਕੰਡਕਟ ਕੀਤੇ ਗਏ ਟੈਸਟ (ਥਿਊਰੀ ਅਤੇ ਪ੍ਰੈਕਟੀਕਲ) ਪਾਸ ਕੀਤਾ ਹੈ ਅਤੇ ਜਿਸ ਦਾ ਰਿਜਲਟ ਯੂਨੀਵਰਸਿਟੀ ਵੈਬਸਾਇਟ ਤੇ ਪਬਲਿਸ਼ ਕੀਤਾ ਗਿਆ ਹੈ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. G.S.R. 72/Const./Art.309/Amd.(22)/2022 dated 28.10.2022 ਟਾਈਟਲ "The Punjab Civil Services (General & Common Conditions of Service) (First amendment) Rules, 2022" ਅਨੁਸਾਰ ਮੈਟ੍ਰਿਕ ਪੱਧਰ ਦਾ ਪੰਜਾਬੀ ਭਾਸ਼ਾ ਦਾ ਟੈਸਟ ਗਰੁੱਪ-ਸੀ ਦੀ ਭਰਤੀ ਲਈ ਘੱਟੋ-ਘੱਟ 50% ਅੰਕਾਂ ਦੇ ਨਾਲ ਪਾਸ ਕਰਨਾ ਲਾਜਮੀ ਕੀਤਾ ਗਿਆ ਹੈ। ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਅਸਾਮੀ ਗਰੁੱਪ-ਸੀ ਵਿੱਚ ਆਉਂਦੀ ਹੈ।

ਸੋ, ਉਕਤ ਨੋਟੀਫਿਕੇਸ਼ਨ ਦੇ ਸਨਮੁੱਖ ਇਸ਼ਤਿਹਾਰ ਨੰ. 1/2022 ਰਾਹੀਂ ਇਸ਼ਤਿਹਾਰਤ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਅਸਾਮੀ ਲਈ ਜਿਨ੍ਹਾਂ ਉਮੀਦਵਾਰਾਂ ਨੇ ਲਿਖਤੀ ਅਤੇ ਪ੍ਰੈਕਟੀਕਲ ਟੈਸਟ ਪਾਸ ਕੀਤਾ ਹੈ, ਉਨ੍ਹਾਂ ਦਾ ਪੰਜਾਬੀ ਭਾਸ਼ਾ(ਮੈਟ੍ਰਿਕ ਪੱਧਰ) ਦਾ ਟੈਸਟ ਲਿਆ ਜਾਵੇਗਾ। ਪੰਜਾਬੀ ਭਾਸ਼ਾ ਦਾ ਟੈਸਟ ਲੈਣ ਸਬੰਧੀ Schedule, ਸਲੇਬਸ ਅਤੇ ਹਦਾਇਤਾਂ ਆਦਿ ਯੂਨੀਵਰਸਿਟੀ ਵੈਬਸਾਇਟ ਤੇ ਜਲਦੀ ਹੀ ਅਪਲੋਡ ਕਰ ਦਿਤੀਆਂ ਜਾਣਗੀਆਂ।

**ਮਿਤੀ : 27.01.2023** **ਰਜਿਸਟਰਾਰ**